# ਸ੍ਰੇਣੀ ਅੱਠਵੀਂ

## ਪੰਜਾਬੀ (ਪਹਿਲੀ ਭਾਸ਼ਾ)

**ਸਮਾਂ: 3 ਘੰਟੇ**

**ਲਿਖਤੀ: 90 ਅੰਕ**
**ਸੀ.ਸੀ.ਈ: 10 ਅੰਕ**
**ਕੁੱਲ: 100 ਅੰਕ**

**ਪ੍ਰਸ਼ਨ- ਪੱਤਰ ਦੀ ਰੂਪ-ਰੇਖਾ**

| | | | |
|---|---|---|---|
| | **ਪ੍ਰਸ਼ਨ 1** 05 ਅੰਕ: ਸੁੰਦਰ ਲਿਖਾਈ ਲਈ ਨਿਰਧਾਰਿਤ ਕੀਤੇ ਗਏ ਹਨ। ਅੱਖਰਾਂ ਤੇ ਸ਼ਬਦਾਂ ਦਾ ਸਹੀ ਆਕਾਰ, ਸਪਸ਼ਟਤਾ, ਨਿਸ਼ਚਿਤ ਦੂਰੀ, ਲਿਖਣ ਵਿੱਚ ਇਕਸਾਰਤਾ ਪ੍ਰਵਾਹਯੁਕਤ ਲੇਖਣ ਅਤੇ ਲਿਖਾਈ ਦੇ ਸਮੁੱਚੇ ਖ਼ੂਬਸੂਰਤ ਪ੍ਰਭਾਵ ਦੇ ਆਧਾਰ 'ਤੇ ਪਰੀਖਿਅਕ ਸੰਬੰਧਿਤ ਪਰੀਖਿਆਰਥੀ ਦੀ ਲਿਖਾਈ ਦਾ ਮੁਲਾਂਕਣ ਕਰੇਗਾ। | 5 | 5 |
| ਭਾਗ-ੳ | **ਪ੍ਰਸ਼ਨ 2** ਕਿਤਾਬ ਵਿੱਚੋਂ ਇੱਕ ਪੈਰਾ ਦੇ ਕੇ ਉਸ ਵਿੱਚੋਂ 7 ਬਹੁਵਿਕਲਪੀ ਪ੍ਰਸ਼ਨਾਂ ਦੇ ਉੱਤਰ ਦੇਣ ਲਈ ਕਿਹਾ ਜਾਵੇਗਾ। ਇਸ ਪ੍ਰਸ਼ਨ ਦੇ ਕੁੱਲ 7 ਅੰਕ ਹੋਣਗੇ। | 7×1 | 7 |
| | **ਪ੍ਰਸ਼ਨ 3** ਕਿਤਾਬ ਵਿੱਚੋਂ ਇੱਕ ਪੈਰਾ ਦੇ ਕੇ ਉਸ ਵਿੱਚੋਂ 7 ਬਹੁਵਿਕਲਪੀ ਪ੍ਰਸ਼ਨਾਂ ਦੇ ਉੱਤਰ ਦੇਣ ਲਈ ਕਿਹਾ ਜਾਵੇਗਾ। ਇਸ ਪ੍ਰਸ਼ਨ ਦੇ ਕੁੱਲ 7 ਅੰਕ ਹੋਣਗੇ। | 7×1 | 7 |
| | **ਪ੍ਰਸ਼ਨ 4** ਪ੍ਰਸ਼ਨ ਨੰ: 4,5,6 ਅਤੇ 7 ਵਿਆਕਰਨ ਨਾਲ ਸੰਬੰਧਤ ਪ੍ਰਸ਼ਨ ਪੈਰਿਆਂ ਵਿੱਚੋਂ ਪੁੱਛੇ ਜਾਣਗੇ। ਇਹ ਵਸਤੂਨਿਸ਼ਠ ਬਹੁਵਿਕਲਪੀ ਪ੍ਰਸ਼ਨ ਹੋਣਗੇ। ਇਹਨਾਂ ਪ੍ਰਸ਼ਨਾਂ ਦੇ ਕੁੱਲ ਅੰਕ 17 ਹੋਣਗੇ। | 17×1 | 17 |
| | **ਪ੍ਰਸ਼ਨ 8** ਕਵਿਤਾਵਾਂ ਵਿੱਚੋਂ 2 ਪੈਰੇ ਦੇ ਕੇ ਕਿਸੇ ਇੱਕ ਪੈਰੇ ਦਾ ਭਾਵ ਸਪਸ਼ਟ ਕਰਨ ਲਈ ਕਿਹਾ ਜਾਵੇਗਾ। ਇਸ ਪ੍ਰਸ਼ਨ ਦੇ ਕੁੱਲ 2 ਅੰਕ ਹੋਣਗੇ। | 1×2 | 2 |
| | **ਪ੍ਰਸ਼ਨ 9** ਪਾਠ-ਪੁਸਤਕ ਦੇ ਅਭਿਆਸੀ ਪ੍ਰਸ਼ਨਾਂ ਵਿੱਚੋਂ 7 ਪ੍ਰਸ਼ਨ ਦੇ ਕੇ ਕਿਸੇ 5 ਪ੍ਰਸ਼ਨਾਂ ਦੇ ਉੱਤਰ ਦੇਣ ਲਈ ਕਿਹਾ ਜਾਵੇਗਾ। ਹਰੇਕ ਪ੍ਰਸ਼ਨ ਦੇ 2 ਅੰਕ ਹੋਣਗੇ। | 5×2 | 10 |
| | **ਪ੍ਰਸ਼ਨ 10** ਕੋਈ 8 ਮੁਹਾਵਰਿਆਂ ਵਿੱਚੋਂ ਕਿਸੇ 5 ਮੁਹਾਵਰਿਆਂ ਦੀ ਵਾਕਾਂ ਵਿੱਚ ਵਰਤੋਂ ਕਰਨ ਲਈ ਕਿਹਾ ਜਾਵੇਗਾ। ਹਰੇਕ ਪ੍ਰਸ਼ਨ ਦੇ 2 ਅੰਕ ਹੋਣਗੇ। | 5×2 | 10 |
| | **ਪ੍ਰਸ਼ਨ 11** ਵਾਕ ਵਿੱਚੋਂ ਨਾਂਵ, ਪੜਨਾਂਵ, ਕਿਰਿਆ, ਵਿਸ਼ੇਸ਼ਣ ਦੀ ਪਛਾਣ ਕਰਨ ਲਈ ਕਿਹਾ ਜਾਵੇਗਾ। ਇਸ ਪ੍ਰਸ਼ਨ ਦੇ 2 ਅੰਕ ਹੋਣਗੇ। | 1×2 | 2 |
| ਭਾਗ-ਅ | **ਪ੍ਰਸ਼ਨ 12** ਕੋਈ 5 ਵਿਸ਼ੇ ਦੇ ਕੇ ਕਿਸੇ ਇੱਕ ਵਿਸ਼ੇ ਉੱਤੇ ਲੇਖ ਲਿਖਣ ਲਈ ਕਿਹਾ ਜਾਵੇਗਾ। ਇਸ ਪ੍ਰਸ਼ਨ ਦੇ 10 ਅੰਕ ਹੋਣਗੇ। | 1×10 | 10 |
| | **ਪ੍ਰਸ਼ਨ 13** ਕੋਈ 2 ਵਿਸ਼ੇ ਦੇ ਕੇ ਕਿਸੇ ਇੱਕ ਵਿਸ਼ੇ ਉੱਤੇ ਪੱਤਰ/ਬਿਨੈ -ਪੱਤਰ ਲਿਖਣ ਲਈ ਕਿਹਾ ਜਾਵੇਗਾ। ਇਸ ਪ੍ਰਸ਼ਨ ਦੇ 8 ਅੰਕ ਹੋਣਗੇ। | 1×8 | 8 |
| | **ਪ੍ਰਸ਼ਨ 14** ਇਹ ਪ੍ਰਸ਼ਨ ਕਿਰਿਆ-ਆਧਾਰਿਤ ਹੋਵੇਗਾ। ਡੱਬਿਆਂ ਵਿੱਚ ਦਿੱਤੇ ਸ਼ਬਦਾਂ ਵਿੱਚੋਂ ਕੋਈ 10 ਸਾਰਥਕ ਸ਼ਬਦ ਪਛਾਣਨ ਲਈ ਕਿਹਾ ਜਾਵੇਗਾ। ਹਰੇਕ ਸ਼ਬਦ ਲਈ 1 ਅੰਕ ਹੋਵੇਗਾ। | 1×10 | 10 |
| | **ਪ੍ਰਸ਼ਨ 15** ਨਾਂਵ, ਪੜਨਾਂਵ, ਕਿਰਿਆ, ਵਿਸ਼ੇਸ਼ਣ ਵਿੱਚੋਂ ਕਿਸੇ 2 ਵਿੱਚੋਂ 1 ਦੀ ਪਰਿਭਾਸ਼ਾ ਦੇਣ ਲਈ ਕਿਹਾ ਜਾਵੇਗਾ ਜਾਂ ਵਿਆਕਰਨ ਵਿੱਚੋਂ ਕੋਈ ਹੋਰ ਪ੍ਰਸ਼ਨ ਹੱਲ ਕਰਨ ਲਈ ਕਿਹਾ ਜਾਵੇਗਾ। ਇਸ ਪ੍ਰਸ਼ਨ ਦੇ 2 ਅੰਕ ਹੋਣਗੇ। | 1×2 | 2 |
| | **ਕੁੱਲ ਅੰਕ** | | 90 |

## ਨਿਬੰਧ

ਨਿਬੰਧ ਲਿਖਣ ਲਈ ਵਿਸ਼ੇ ਇਸ ਪ੍ਰਕਾਰ ਹੋਣਗੇ।

(ੳ) ਜੀਵਨੀਆਂ (ਗੁਰੂ ਨਾਨਕ ਦੇਵ ਜੀ, ਗੁਰੂ ਗੋਬਿੰਦ ਸਿੰਘ ਜੀ, ਸ਼ਹੀਦ ਭਗਤ ਸਿੰਘ, ਜਵਾਹਰ ਲਾਲ ਨਹਿਰੂ ਆਦਿ)।

(ਅ) ਤਿਉਹਾਰ (ਦਿਵਾਲੀ, ਦੁਸਹਿਰਾ, ਲੋਹੜੀ ਆਦਿ)

(ੲ) ਸੰਚਾਰ, ਮਨੋਰੰਜਨ ਦੇ ਸਾਧਨ (ਟੈਲੀਵਜ਼ਨ, ਅਖ਼ਬਾਰ, ਸਿਨਮਾ ਆਦਿ)

(ਸ) ਰਾਸ਼ਟਰੀ ਤਿਉਹਾਰ (ਪੰਦਰਾਂ ਅਗਸਤ, ਛੱਬੀ ਜਨਵਰੀ ਆਦਿ)

(ਹ) ਸਮੱਸਿਆਵਾਂ (ਪ੍ਰਦੂਸ਼ਣ, ਵਧਦੀ ਵੱਸੋਂ, ਦਾਜ ਆਦਿ)

(ਕ) ਦ੍ਰਿਸ਼ ਵਰਨਣ (ਰੇਲਵੇ ਸਟੇਸ਼ਨ, ਅੱਖੀਂ ਡਿੱਠਾ ਮੈਚ, ਅੱਖੀਂ ਡਿੱਠਾ ਮੇਲਾ ਆਦਿ)

ਨੋਟ: ਉਪਰੋਕਤ ਦਿੱਤੇ ਵਿਸ਼ਿਆਂ ਵਿੱਚੋਂ ਕੋਈ 15 ਨਿਬੰਧ ਕਰਵਾਏ ਜਾਣਗੇ।

## 2 ਬਿਨੈ-ਪੱਤਰ, ਚਿੱਠੀਆਂ

**ਬਿਨੈ-ਪੱਤਰ:** ਸਕੂਲ ਮੁਖੀ ਨੂੰ ਜੁਰਮਾਨਾ-ਮਾਫ਼ ਕਰਵਾਉਣ ਲਈ, ਮੈਚ ਵੇਖਣ ਦੀ ਆਗਿਆ ਲੈਣ ਲਈ ਸ਼੍ਰੇਣੀ ਦੁਆਰਾ ਸੈਰ-ਸਪਾਟੇ ਸੰਬੰਧੀ ਆਗਿਆ ਲੈਣ ਲਈ, ਸਕੂਲ ਦੀ ਲਾਇਬ੍ਰੇਰੀ ਵਿੱਚ ਬਾਲ-ਰਸਾਲੇ ਤੇ ਅਖ਼ਬਾਰ ਮੰਗਵਾਉਣ, ਸਕੂਲ ਛੱਡਣ ਦਾ ਸਰਟੀਫ਼ਿਕੇਟ ਲੈਣ ਲਈ, ਚਰਿੱਤਰ ਸਰਟੀਫ਼ਿਕੇਟ ਲੈਣ ਲਈ, ਬਲਾਕ-ਵਿਕਾਸ ਅਤੇ ਪੰਚਾਇਤ-ਅਫ਼ਸਰ, ਪਿੰਡ ਦੀ ਸਫ਼ਾਈ ਦਾ ਪ੍ਰਬੰਧ ਸੁਧਾਰਨ ਬਾਰੇ, ਮਿਊਂਸਪਲ ਕਮੇਟੀ ਦੇ ਪ੍ਰਧਾਨ ਨੂੰ ਆਪਣੇ ਮੁਹੱਲੇ ਦੀ ਸਫ਼ਾਈ ਅਤੇ ਗੰਦੇ ਪਾਣੀ ਦੇ ਨਿਕਾਸ ਪ੍ਰਬੰਧ ਸੁਧਾਰਨ ਬਾਰੇ ਪੋਸਟ ਮਾਸਟਰ ਨੂੰ ਮੁਹੱਲੇ / ਪਿੰਡ ਵਿੱਚ ਡਾਕ/ ਪ੍ਰਬੰਧ ਨੂੰ ਸੁਧਾਰਨ ਆਦਿ ਬਾਰੇ ਬਿਨੈ-ਪੱਤਰ ਲਿਖਵਾਏ ਜਾਣਗੇ।

3 ਪਾਠ-ਪੁਸਤਕ ਦੇ ਪਾਠਾਂ 'ਤੇ ਆਧਾਰਿਤ ਅਤੇ ਪਾਠ-ਅਭਿਆਸਾਂ ਦੇ ਪ੍ਰਸ਼ਨਾਂ ਦੇ ਉੱਤਰ ਲਿਖਣੇ, ਇਨ੍ਹਾਂ ਵਿੱਚੋਂ ਤਿੰਨ ਪ੍ਰਕਾਰ ਦੇ ਪ੍ਰਸ਼ਨ ਪੁੱਛੇ ਜਾਣਗੇ।ਨਿਬੰਧਾਤਮਿਕ ਉੱਤਰਾਂ ਵਾਲੇ ਪ੍ਰਸ਼ਨ, ਛੋਟੇ ਉੱਤਰਾਂ ਵਾਲੇ ਪ੍ਰਸ਼ਨ, ਬਹੁਤ ਛੋਟੇ ਉੱਤਰਾਂ ਵਾਲੇ ਪ੍ਰਸ਼ਨ।

4 ਵਿਆਕਰਨ ਸ਼ਬਦ੍ਭੇਦ (ਨਾਂਵ, ਪੜਨਾਂਵ, ਕਿਰਿਆ, ਵਿਸ਼ੇਸ਼ਣ, ਸੰਬੰਧਕ, ਯੋਜਕ ਵਿਸਮਿਕ ਦੀਆਂ ਪਰਿਭਾਸ਼ਾਵਾਂ ਤੇ ਉਦਾਹਰਨਾਂ) ਵਚਨ, ਲਿੰਗ,ਸ਼ਬਦ-ਜੋੜ, ਵਿਸਰਾਮ-ਚਿੰਨ੍ਹ।

5 ਅਰਥ-ਬੋਧ: ਸਮਾਨਆਰਥੀ-ਸ਼ਬਦ, ਬਹੁ-ਅਰਥਕ ਸ਼ਬਦ, ਵਿਰੋਧੀ ਸ਼ਬਦ, ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ ਦੀ ਵਰਤੋਂ ਕਰਨਾ।

6 ਲਿੰਗ ਬਦਲੋ ਅਤੇ ਵਚਨ ਬਦਲੋ।

7 ਨਿਯਤ ਪਾਠ-ਪੁਸਤਕ ਵਿੱਚ ਆਏ ਮੁਹਾਵਰਿਆਂ, ਅਖਾਉਤਾਂ ਅਤੇ ਔਖੇ ਸ਼ਬਦਾਂ, ਵਾਕਾਂ ਵਿੱਚ ਪ੍ਰਯੋਗ ਕਰਨਾ।

ਨਿਯਤ ਪਾਠ-ਪੁਸਤਕਾਂ : ਪੰਜਾਬੀ ਪੁਸਤਕ 8
(ਪਹਿਲੀ ਭਾਸ਼ਾ) ਪੰਜਾਬੀ ਵਿਆਕਰਨ ਤੇ
ਲੇਖ-ਰਚਨਾ
ਪ੍ਰਕਾਸ਼ਕ: ਪੰਜਾਬ ਸਕੂਲ ਸਿੱਖਿਆ ਬੋਰਡ